ਮਿੱਠੇ ਬੱਚੇ:- "ਮਿੱਠੇ ਬੱਚੇ - ਸਦਾ ਖੁਸ਼ ਰਹੋ ਤੇ ਦੂਜਿਆਂ ਨੂੰ ਵੀ ਖੁਸ਼ੀ ਦਵਾਓ, ਇਹ ਹੈ ਸਭ ਤੇ ਕ੍ਰਿਪਾ ਕਰਨਾ, ਕਿਸੇ ਨੂੰ ਵੀ ਰਸਤਾ ਦੱਸਣਾ ਇਹ ਸਭ ਤੋਂ ਵੱਡਾ ਪੁੰਨ ਹੈ।"

ਪ੍ਰਸ਼ਨ:- ਪ੍ਰਸ਼ਨ:- ਸਦਾ ਖੁਸ਼ਮਿਜਾਜ਼ ਕੌਣ ਰਹਿ ਸਕਦਾ ਹੈ। ਖੁਸ਼ ਮਿਜਾਜ਼ ਬਣਨ ਦਾ ਕੀ ਸਾਧਨ ਹੈ ?

ਉੱਤਰ:- ਸਦਾ ਖੁਸ਼ਮਿਜਾਜ ਓਹ ਹੀ ਰਹਿ ਸਕਦੇ ਹਨ ਜਿਹੜੇ ਗਿਆਨ ਵਿੱਚ ਬਹੁਤ ਹੁਸ਼ਿਆਰ ਹਨ, ਜੋ ਡਰਾਮਾ ਦੀ ਕਹਾਣੀ ਨੂੰ ਚੰਗੀ ਤਰ੍ਹਾਂ ਜਾਣਦੇ ਅਤੇ ਸਿਮਰਨ ਕਰਦੇ ਹਨ। ਖੁਸ਼ਮਿਜਾਜ਼ ਬਣਨ ਦੇ ਲਈ ਸਦਾ ਬਾਪ ਦੀ ਸ਼੍ਰੀਮਤ ਤੇ ਚਲਦੇ ਰਹੋ। ਆਪਣੇ ਨੂੰ ਆਤਮਾ ਸਮਝੋ ਤੇ ਜੋ ਬਾਪ ਸਮਝਾਉਂਦੇ ਹਨ ਉਸ ਦਾ ਚੰਗੀ ਤਰ੍ਹਾਂ ਚਿੰਤਨ ਕਰੋ। ਵਿਚਾਰ ਸਾਗਰ ਮੰਥਨ ਕਰਦੇ - ਕਰਦੇ ਖੁਸ਼ਮਿਜਾਜ਼ ਬਣ ਜਾਓਗੇ।

ਓਮ ਸ਼ਾਂਤੀ। ਰੂਹਾਨੀ ਬਾਪ ਰੂਹਾਨੀ ਬੱਚਿਆਂ ਦੇ ਨਾਲ ਰੂਹਰਿਹਾਨ ਕਰ ਰਹੇ ਹਨ। ਇਹ ਤਾਂ ਆਤਮਾਵਾਂ ਜਾਣਦੀਆਂ ਹਨ ਕਿ ਸਾਡਾ ਬਾਪ ਇੱਕ ਹੀ ਹੈ ਅਤੇ ਸਿੱਖਿਆ ਦਿੰਦੇ ਹਨ, ਟੀਚਰ ਦਾ ਕੰਮ ਹੈ ਸਿੱਖਿਆ ਦੇਣਾ, ਗੁਰੂ ਦਾ ਕੰਮ ਹੈ ਮੰਜਿਲ ਦੱਸਣਾ। ਮੰਜਿਲ ਨੂੰ ਵੀ ਬੱਚੇ ਸਮਝ ਗਏ ਹਨ। ਮੁਕਤੀ ਅਤੇ ਜੀਵਨਮੁਕਤੀ ਦੇ ਲਈ ਯਾਦ ਦਾ ਸਫ਼ਰ ਬੜਾ ਜਰੂਰੀ ਹੈ। ਹੈ ਦੋਵੇ ਸੌਖੇ। 84 ਜਨਮਾਂ ਦਾ ਚੱਕਰ ਵੀ ਫਿਰਦਾ ਰਹਿੰਦਾ ਹੈ। ਇਹ ਯਾਦ ਰਹਿਣਾ ਚਾਹੀਦਾ ਹੈ ਕਿ ਸਾਡਾ 84 ਦਾ ਚੱਕਰ ਪੂਰਾ ਹੋਇਆ, ਹੁਣ ਵਾਪਿਸ ਜਾਣਾ ਹੈ। ਪਰ ਪਾਪ ਆਤਮਾਵਾਂ ਮੁਕਤੀ - ਜੀਵਨ ਮੁਕਤੀ ਵਿੱਚ ਵਾਪਿਸ ਨਹੀਂ ਜਾ ਸਕਦੀਆਂ। ਇਵੇਂ - ਇਵੇਂ ਵਿਚਾਰ ਸਾਗਰ ਮੰਥਨ ਕਰਨਾ ਹੈ। ਜੋ ਕਰਾਂਗੇ ਸੋ ਪਾਵਾਂਗੇ। ਖੁਸ਼ੀ ਵਿੱਚ ਵੀ ਓਹ ਹੀ ਆਉਣਗੇ ਅਤੇ ਦੂਜਿਆਂ ਨੂੰ ਵੀ ਖੁਸ਼ੀ ਵਿੱਚ ਲਿਆਉਣਗੇ। ਦੂਜਿਆਂ ਤੇ ਵੀ ਕ੍ਰਿਪਾ ਕਰਨੀ ਹੈ - ਰਸਤਾ ਦੱਸਣ ਦੀ। ਤੁਸੀਂ ਬੱਚੇ ਜਾਣਦੇ ਹੋ ਇਹ ਪੁਰਸ਼ੋਤਮ ਸੰਗਮਯੁੱਗ ਹੈ। ਇਹ ਵੀ ਕਿਸੇ ਨੂੰ ਯਾਦ ਰਹਿੰਦਾ ਹੈ ਤੇ ਕਿਸੇ ਨੂੰ ਨਹੀਂ। ਭੁੱਲ ਜਾਂਦਾ ਹੈ। ਇਹ ਵੀ ਯਾਦ ਰਹੇ ਤਾਂ ਖੁਸ਼ੀ ਦਾ ਪਾਰਾ ਚੜ੍ਹਿਆ ਰਹੇਗਾ। ਬਾਪ ਟੀਚਰ, ਗੁਰੂ ਦੇ ਰੂਪ ਵਿੱਚ ਯਾਦ ਰਹੇ ਤਾਂ ਵੀ ਖੁਸ਼ੀ ਦਾ ਪਾਰਾ ਚੜ੍ਹਿਆ ਰਹੇ। ਪਰ ਚਲਦੇ - ਚਲਦੇ ਕੁਝ ਰੌਲਾ ਪੈ ਜਾਂਦਾ ਹੈ। ਜਿਵੇਂ ਪਹਾੜਾਂ ਤੇ ਹੇਠਾਂ ਉੱਤੇ ਚੜ੍ਹਨਾ ਹੁੰਦਾ ਹੈ। ਉਵੇਂ ਹੀ ਬੱਚਿਆਂ ਦੀ ਅਵਸਥਾ ਹੁੰਦੀ ਰਹਿੰਦੀ ਹੈ। ਕੋਈ ਬਹੁਤ ਉੱਚੇ ਚੜ੍ਹਦੇ ਹਨ ਫਿਰ ਡਿੱਗਦੇ ਹਨ ਤਾਂ ਪਹਿਲਾਂ ਨਾਲੋਂ ਵੀ ਜ਼ਿਆਦਾ ਡਿੱਗ ਜਾਂਦੇ ਹਨ। ਕੀਤੀ ਹੋਈ ਕਮਾਈ ਘਟ ਹੋ ਜਾਂਦੀ ਹੈ। ਕੋਈ ਚਾਹੇ ਕਿੰਨਾ ਵੀ ਦਾਨ ਪੁੰਨ ਕਰਦੇ ਹਨ ਫਿਰ ਜੇਕਰ ਪੁੰਨ ਕਰਦੇ - ਕਰਦੇ ਪਾਪ ਕਰਨ ਲਗ ਪੈਂਦੇ ਹਨ ਤਾਂ ਸਭ ਕੁਝ ਖਤਮ ਹੋ ਜਾਂਦਾ ਹੈ। ਸਭ ਤੋਂ ਵੱਡਾ ਪੁੰਨ ਹੈ - ਬਾਪ ਨੂੰ ਯਾਦ ਕਰਨਾ। ਯਾਦ ਨਾਲ ਹੀ ਪੁੰਨ ਆਤਮਾ ਬਣਾਂਗੇ। ਜੇਕਰ ਸੰਗ ਦੇ ਰੰਗ ਨਾਲ ਭੁੱਲ ਹੀ ਭੁੱਲ ਕਰਦੇ ਰਹਿਣ ਤਾਂ ਪਹਿਲੋਂ ਤੋਂ ਵੀ ਜ਼ਿਆਦਾ ਹੇਠਾਂ ਡਿੱਗ ਜਾਂਦੇ ਹਨ। ਫਿਰ ਉਹ ਖਾਤਾ ਜਮ੍ਹਾ ਨਹੀਂ ਰਹੇਗਾ। ਘਾਟਾ ਹੋ ਜਾਵੇਗਾ। ਪਾਪ ਦਾ ਕੰਮ ਕਰਨ ਨਾਲ ਘਾਟਾ ਹੋ ਜਾਂਦਾ ਹੈ। ਬਹੁਤ ਪਾਪ ਦਾ ਖਾਤਾ ਵੱਧ ਜਾਂਦਾ ਹੈ। ਮੁਰਾਦੀ ਸੰਭਾਲੀ ਜਾਂਦੀ ਹੈ ਨਾ।

ਬਾਪ ਵੀ ਕਹਿੰਦੇ ਹਨ ਤੁਹਾਡਾ ਖਾਤਾ ਪੁੰਨ ਦਾ ਸੀ, ਪਾਪ ਕਰਨ ਨਾਲ ਸੌ ਗੁਣਾਂ ਹੋ ਜਾਂਦਾ ਹੈ। ਅਤੇ ਹੋਰ ਵੀ ਘਾਟੇ ਵਿੱਚ ਆ ਜਾਵੇਗਾ। ਪਾਪ ਵੀ ਕੋਈ ਬਹੁਤ ਵੱਡਾ ਕੋਈ ਹਲਕਾ ਹੁੰਦਾ ਹੈ। ਕਾਮ ਹੈ ਬਹੁਤ ਕੜਾ (ਵੱਡਾ), ਕਰੋਧ ਹੈ ਸੈਕਿੰਡ ਤੇ ਲੋਭ ਹੈ ਉਸਤੋਂ ਘੱਟ। ਸਭ ਤੋਂ ਜ਼ਿਆਦਾ ਕਾਮ ਵਾਸਨਾ ਹੋਣ ਨਾਲ ਜਮਾਂ ਖਾਤਾ ਖਾਲੀ ਹੋ ਜਾਂਦਾ ਹੈ। ਲਾਭ ਦੇ ਬਦਲੇ ਨੁਕਸਾਨ ਹੋ ਜਾਂਦਾ ਹੈ। ਸਤਿਗੁਰੂ ਦਾ ਨਿੰਦਕ ਠੋਰ ਨਾ ਪਾਏ। ਬਾਪ ਦਾ ਬਣ ਕੇ ਫਿਰ ਛੱਡ ਦਿੰਦੇ ਹਨ। ਕੀ ਕਾਰਣ ਹੋਇਆ? ਜ਼ਿਆਦਾਤਰ ਕਰਕੇ ਕਾਮ ਦੀ ਚੋਟ ਲਗਦੀ ਹੈ। ਇਹ ਹੈ ਵੱਡਾ ਦੁਸ਼ਮਣ। ਉਹਨਾਂ ਦਾ ਹੀ ਬੁੱਤ ਬਣਾ ਕੇ ਸਾੜਦੇ ਹਨ। ਕਰੋਧ, ਲੋਭ ਦਾ ਬੁੱਤ ਨਹੀਂ ਬਣਾਉਂਦੇ। ਕਾਮ ਤੇ ਪੂਰੀ ਜਿੱਤ ਪਾਉਣੀ ਹੈ ਤਾਂ ਜਗਤਜਿੱਤ ਬਣਾਂਗੇ। ਬੁਲਾਉਂਦੇ ਵੀ ਹਨ ਕਿ ਅਸੀਂ ਜੋ ਰਾਵਣ ਰਾਜ ਵਿੱਚ ਪਤਿਤ ਬਣੇ ਹਾਂ, ਸਾਨੂੰ ਆਕੇ ਪਾਵਨ ਬਣਾਓ। ਗਾਉਂਦੇ ਤਾਂ ਸਭ ਹਨ ਪਤਿੱਤ ਪਾਵਨ। ਹੇ ਪਤਿਤਾਂ ਨੂੰ ਪਾਵਨ ਬਣਾਉਣ ਵਾਲੇ ਸੀਤਾਵਾਂ ਦੇ ਰਾਮ ਆਓ। ਪਰ ਅਰਥ ਨਹੀਂ ਸਮਝਦੇ ਹਨ। ਇਹ ਵੀ ਜਾਣਦੇ ਹਨ ਕਿ ਬਾਪ ਜਰੂਰ ਨਵੀ ਦੁਨੀਆਂ ਦੀ ਸਥਾਪਨਾ ਕਰਨ ਆਉਣਗੇ। ਪਰੰਤੂ ਬਹੁਤ ਟਾਈਮ ਦੇਣ ਨਾਲ ਘੋਰ ਹਨੇਰਾ ਹੋ ਗਿਆ ਹੈ। ਗਿਆਨ ਅਤੇ ਅਗਿਆਨ ਹੈ ਨਾ। ਅਗਿਆਨ ਹੈ ਭਗਤੀ, ਜਿਸ ਦੀ ਪੂਜਾ ਕਰਦੇ ਉਨ੍ਹਾਂ ਨੂੰ ਜਾਣਦੇ ਹੀ ਨਹੀਂ। ਤਾਂ ਉਹਨਾਂ ਦੇ ਕੋਲ ਪਹੁੰਚਣਗੇ ਕਿਵੇਂ? ਇਸਲਈ ਦਾਨ ਪੁੰਨ ਆਦਿ ਨਿਸਫ਼ਲ ਹੋ ਜਾਂਦਾ ਹੈ। ਦਾਨ ਪੁੰਨ ਕਰਕੇ ਕੁਝ ਥੋੜੇ ਸਮੇਂ ਦੇ ਲਈ ਕਾਗ ਵਿਸ਼ਟਾ ਦੇ ਸਮਾਨ ਸੁੱਖ ਮਿਲਦਾ ਹੈ। ਬਾਕੀ ਤਾਂ ਦੁੱਖ ਹੀ ਦੁੱਖ ਹੈ। ਹੁਣ ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ ਤਾਂ ਤੁਹਾਡੇ ਸਾਰੇ ਦੁੱਖ ਦੂਰ ਹੋ ਜਾਣਗੇ। ਹੁਣ ਦੇਖਣਾ ਹੈ ਅਸੀਂ ਕਿੰਨਾ ਯਾਦ ਕਰਦੇ ਹਾਂ, ਜੋ ਪੁਰਾਣਾ ਖ਼ਤਮ ਹੋਵੇ ਨਵਾਂ ਜਮ੍ਹਾ ਹੋਵੇ। ਕੋਈ ਤਾਂ ਕੁਝ ਵੀ ਜਮਾ ਨਹੀਂ ਕਰਦੇ। ਸਾਰਾ ਮਦਾਰ ਹੈ ਯਾਦ ਤੇ। ਯਾਦ ਤੋਂ ਬਿਨਾਂ ਪਾਪ ਕਿਸ ਤਰ੍ਹਾਂ ਮਿੱਟਣ ਅਤੇ ਕੱਟਣ। ਪਾਪ ਤਾਂ ਬਹੁਤ ਹਨ – ਜਨਮ- ਜਨਮਾਂਤਰ ਦੇ। ਇਸ ਜਨਮ ਦੀ ਜੀਵਨ ਕਹਾਣੀ ਸੁਣਾਉਣ ਨਾਲ ਕੋਈ ਜਨਮ ਜਨਮਾਂਤਰ ਦੇ ਪਾਪ ਕੱਟ ਨਹੀਂ ਜਾਣਗੇ। ਸਿਰਫ ਇਸ ਜਨਮ ਦੇ ਹਲਕੇ ਹੋ ਜਾਂਦੇ ਹਨ। ਬਾਕੀ ਤਾਂ ਮੇਹਨਤ ਬਹੁਤ ਕਰਨੀ ਹੈ। ਇਨੇ ਜਨਮਾਂ ਦਾ ਜੋ ਹਿਸਾਬ ਕਿਤਾਬ ਹੈ - ਉਹ ਯੋਗ ਨਾਲ ਹੀ ਚੁਕਤੂ ਹੋਣ ਵਾਲਾ ਹੈ। ਵਿਚਾਰ ਕਰਨਾ ਚਾਹੀਦਾ ਹੈ ਕਿ ਸਾਡਾ ਯੋਗ ਕਿੰਨਾ ਹੈ? ਸਾਡਾ ਜਨਮ ਸਤਿਯੁੱਗ ਦੇ ਆਦਿ ਵਿੱਚ ਹੋ ਸਕੇਗਾ ? ਜਿਹੜੇ ਬਹੁਤ ਪੁਰਸ਼ਾਰਥ ਕਰਨਗੇ ਉਹ ਹੀ ਸਤਿਯੁੱਗ ਦੇ ਆਦਿ ਵਿੱਚ ਜਨਮ ਲੈਣਗੇ। ਉਹ ਛਿਪੇ ਨਹੀਂ ਰਹਿ ਸਕਦੇ। ਸਾਰੇ ਤਾਂ ਸਤਿਯੁੱਗ

ਵਿੱਚ ਨਹੀਂ ਆਉਣਗੇ। ਪਿੱਛੋਂ ਜਾ ਕੇ ਥੋੜੀ ਪਦਵੀ ਪਾਉਂਦੇ ਹਨ। ਜੇਕਰ ਪਹਿਲੋਂ ਆਉਂਦੇ ਵੀ ਹਨ ਤਾਂ ਨੌਕਰੀ ਕਰਦੇ ਹਨ। ਇਹ ਤਾਂ ਕਾਮਨ ਗੱਲ ਹੈ ਸਮਝਣ ਦੀ, ਇਸਲਈ ਬਾਪ ਨੂੰ ਬਹੁਤ ਯਾਦ ਕਰਨਾ ਹੈ। ਤੁਸੀਂ ਜਾਣਦੇ ਹੋ ਅਸੀਂ ਨਵੀ ਦੁਨੀਆਂ ਦੇ ਲਈ ਵਿਸ਼ਵ ਦੇ ਮਾਲਿਕ ਬਣਨ ਆਏ ਹਾਂ। ਜੋ ਯਾਦ ਕਰਨਗੇ ਉਨ੍ਹਾਂ ਨੂੰ ਜਰੂਰ ਖੁਸ਼ੀ ਰਹੇਗੀ। ਜੇਕਰ ਰਾਜਾ ਬਣਨਾ ਹੈ ਤਾਂ ਪ੍ਰਜਾ ਵੀ ਜਰੂਰ ਬਣਾਉਣੀ ਪਵੇ। ਨਹੀਂ ਤਾਂ ਕਿਵੇਂ ਸਮਝਣਗੇ ਕਿ ਅਸੀਂ ਰਾਜਾ ਬਣਨ ਵਾਲੇ ਹਾਂ। ਜੋ ਸੈਂਟਰ ਖੋਲਦੇ ਹਨ, ਸਰਵਿਸ ਕਰਦੇ ਹਨ ਉਨ੍ਹਾਂ ਦੀ ਕਮਾਈ ਹੁੰਦੀ ਹੈ। ਉਨ੍ਹਾਂ ਨੂੰ ਬੜਾ ਫਾਇਦਾ ਮਿਲਦਾ ਹੈ। ਉਨ੍ਹਾਂ ਨੂੰ ਹੀ ਮੁਆਵਜ਼ਾ ਮਿਲ ਜਾਂਦਾ ਹੈ। ਕੋਈ 3-4 ਸੈਂਟਰ ਵੀ ਖੋਲਦੇ ਹਨ ਨਾ। ਜੋ - ਜੋ ਕਰਦੇ ਹਨ ਉਨ੍ਹਾਂ ਨੂੰ ਹਿੱਸਾ ਤਾਂ ਆਉਂਦਾ ਹੀ ਹੈ ਨਾ। ਮਿਲਕੇ ਮਾਇਆ ਦੇ ਦੁੱਖ ਦਾ ਛੱਪੜ ਉਠਾਉਂਦੇ ਹਨ ਤਾਂ ਇਸ ਵਿੱਚ ਮੋਢਾ ਸਭ ਦਿੰਦੇ ਹਨ। ਤਾਂ ਸਭ ਨੂੰ ਅਜੂਰਾ ਮਿਲਦਾ ਹੈ। ਜੋ ਬਹੁਤਿਆਂ ਨੂੰ ਰਸਤਾ ਦਸਦੇ ਹਨ। ਜਿੰਨੀ ਮਿਹਨਤ ਕਰਦੇ ਹਨ ਉਤਨੀ ਉੱਚ ਪਦਵੀ ਪਾਉਂਦੇ ਹਨ।ਉਨ੍ਹਾਂ ਨੂੰ ਬੜੀ ਖੁਸ਼ੀ ਹੁੰਦੀ ਹੈ। ਦਿਲ ਜਾਣਦਾ ਹੈ ਕਿ ਅਸੀਂ ਕਿਨਿਆਂ ਨੂੰ ਰਸਤਾ ਦੱਸਿਆ ਹੈ ? ਕਿਨਿਆਂ ਦਾ ਉਧਾਰ ਕੀਤਾ ਹੈ। ਸਭ ਕੁਝ ਕਰਨ ਦਾ ਵਕਤ ਇਹ ਹੀ ਹੈ। ਖਾਣ ਪਾਣ ਤਾਂ ਸਭ ਨੂੰ ਮਿਲਦਾ ਹੀ ਹੈ। ਕੋਈ ਤਾਂ ਕੁਝ ਵੀ ਕੰਮ ਨਹੀਂ ਕਰਦੇ ਹਨ। ਜਿਵੇ ਮੰਮਾ ਨੇ ਸਰਵਿਸ ਕੀਤੀ। ਸਰਵਿਸ ਨਾਲ ਉਨ੍ਹਾਂ ਦਾ ਬੜਾ ਕਲਿਆਣ ਹੋ ਗਿਆ। ਇਸ ਵਿੱਚ ਵੀ ਸਰਵਿਸ ਬੜੀ ਚਾਹੀਦੀ ਹੈ। ਯੋਗ ਦੀ ਵੀ ਸਰਵਿਸ ਹੈ ਨਾ। ਕਿੰਨੀ ਡੀਪ ਡਾਇਰੈਕਸ਼ਨ ਮਿਲਦੇ ਰਹਿੰਦੇ ਹਨ ਨਾ। ਹਾਲੇ ਤਾਂ ਅੱਗੇ ਜਾ ਕੇ ਕੀ - ਕੀ ਪੁਆਇੰਟ ਨਿਕਲਣਗੇ। ਦਿਨ - ਪ੍ਰਤੀਦਿਨ ਉੱਨਤੀ ਹੁੰਦੀ ਜਾਵੇਗੀ। ਨਵੇਂ - ਨਵੇਂ ਪੁਆਇੰਟਸ ਨਿਕਲਣਗੇ। ਜੋ ਸਰਵਿਸ ਨੂੰ ਤਿਆਰ ਰਹਿੰਦੇ ਹਨ ਉਹ ਝੱਟ ਫੜ ਲੈਂਦੇ ਹਨ। ਜੋ ਸਰਵਿਸ ਨਹੀਂ ਕਰਦੇ ਉਨ੍ਹਾਂ ਦੀ ਬੁੱਧੀ ਵਿੱਚ ਕੁਝ ਬੈਠੇਗਾ ਨਹੀਂ। ਬਿੰਦੂ ਰੂਪ ਕਿਵੇਂ ਸਮਝਣ? ਤੁਸੀਂ ਕਿਸੇ ਨੂੰ ਪੁੱਛੋ ਆਤਮਾ ਕਿੰਨੀ ਵੱਡੀ ਹੈ ? ਆਤਮਾ ਦਾ ਦੇਸ਼ ਕਾਲ ਦੱਸੋ ਤਾਂ ਕਦੇ ਵੀ ਦੱਸ ਨਹੀਂ ਸਕਦੇ। ਮਨੁੱਖ ਪਰਮਾਤਮਾ ਦਾ ਰੂਪ ਦੇਸ਼ ਕਾਲ ਪੁੱਛਦੇ ਹਨ। ਤੁਸੀਂ ਆਤਮਾ ਦਾ ਪੁੱਛੋਂ ਤਾਂ ਮੂੰਝ ਜਾਣਗੇ। ਕਿਸੇ ਨੂੰ ਵੀ ਪਤਾ ਨਹੀਂ ਹੈ। ਆਤਮਾ ਇਨੀ ਛੋਟੀ ਬਿੰਦੀ ਉਸ ਵਿੱਚ ਇਤਨਾ ਸਾਰਾ ਪਾਰਟ ਭਰਿਆ ਹੋਇਆ ਹੈ। ਇਥੇ ਵੀ ਬਹੁਤ ਹਨ ਜੋ ਆਤਮਾ ਪਰਮਾਤਮਾ ਨੂੰ ਜਾਣਦੇ ਨਹੀਂ। ਸਿਰਫ ਵਿਕਾਰਾਂ ਦਾ ਸੰਨਿਆਸ ਕੀਤਾ ਹੈ, ਉਹ ਵੀ ਕਮਾਲ ਹੈ। ਸੰਨਿਆਸੀਆਂ ਦਾ ਧਰਮ ਵੱਖ ਹੈ। ਇਹ ਗਿਆਨ ਤੁਹਾਡੇ ਲਈ ਹੈ। ਬਾਪ ਸਮਝਾਉਂਦੇ ਹਨ ਤੁਸੀਂ ਪਵਿੱਤਰ ਸੀ ਹੁਣ ਅਪਵਿੱਤਰ ਬਣੇ ਹੋ, ਹੁਣ ਫਿਰ ਪਵਿੱਤਰ ਬਣਨਾ ਹੈ। ਤੁਸੀਂ ਹੀ 84 ਦਾ ਚੱਕਰ ਲਗਾਉਂਦੇ ਹੋ। ਦੁਨੀਆਂ ਵਿੱਚ ਜਰਾ ਵੀ ਇਨ੍ਹਾਂ ਗੱਲਾਂ ਨੂੰ ਨਹੀਂ ਜਾਣਦੇ। ਗਿਆਨ ਵੱਖ ਹੈ ਅਤੇ ਭਗਤੀ ਵੱਖ ਹੈ। ਗਿਆਨ ਨਾਲ ਚੜ੍ਹਦੀ ਕਲਾ ਹੈ ਅਤੇ ਭਗਤੀ ਡਿੱਗਾਉਂਦੀ ਹੈ। ਤਾਂ ਰਾਤ ਦਿਨ ਦਾ ਫਰਕ ਹੈ। ਮਨੁੱਖ ਚਾਹੇ ਕਿੰਨਾ ਵੀ ਆਪਣੇ ਨੂੰ ਵੇਦਾਂ ਸ਼ਾਸਤਰਾਂ ਦੀ ਅਥਾਰਟੀ ਸਮਝਦੇ ਹਨ ਪਰੰਤੂ ਜਾਣਦੇ ਕੁਝ ਵੀ ਨਹੀਂ ਹਨ। ਤੁਹਾਨੂੰ ਵੀ ਹੁਣ ਹੀ ਪਤਾ ਚੱਲਿਆ ਹੈ। ਤੁਹਾਡੇ ਵਿੱਚ ਵੀ ਨੰਬਰਵਾਰ ਹਨ। ਭੁੱਲਣ ਕਾਰਣ ਹੀ ਖੁਸ਼ੀ ਗੁੰਮ ਹੁੰਦੀ ਹੈ। ਨਹੀਂ ਤਾਂ ਅਥਾਹ ਖੁਸ਼ੀ ਹੋਣੀ ਚਾਹੀਦੀ ਹੈ। ਬਾਬਾ ਤੋਂ ਤੁਹਾਨੂੰ ਇਹ ਵਰਸਾ ਮਿਲ ਰਿਹਾ ਹੈ।

ਬਾਬਾ ਸਾਕਸ਼ਾਤਕਾਰ ਕਰਵਾ ਦਿੰਦੇ ਹਨ। ਪਰੰਤੂ ਸਾਕਸ਼ਾਤਕਾਰ ਕੀਤਾ, ਸ਼੍ਰੀਮਤ ਤੇ ਨਹੀਂ ਚੱਲੇ ਤਾਂ ਫਾਇਦਾ ਹੀ ਕੀ। ਬਾਪ ਨੂੰ ਦੁੱਖ ਵਿੱਚ ਸਿਮਰਦੇ ਹਨ। ਬਾਪ ਨੂੰ ਕਹਿੰਦੇ ਹਨ ਲਿਬਰੇਟਰ, ਹੇ ਰਾਮ, ਹੇ ਪ੍ਰਭੂ ਕਹਿੰਦੇ ਹਨ, ਪਰੰਤੂ ਉਹ ਹੈ ਕੌਣ, ਜਾਣਦੇ ਨਹੀਂ। ਭਗਤੀ ਵਿੱਚ ਕੋਈ ਇਵੇ ਨਹੀਂ ਕਹਿੰਦੇ ਹਨ ਕਿ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਬਿਲਕੁਲ ਨਹੀਂ। ਜੇਕਰ ਕਹਿੰਦੇ ਹੁੰਦੇ ਤਾਂ ਪਰੰਪਰਾ ਚਲੀ ਆਉਂਦੀ ਹੈ। ਭਗਤੀ ਤਾਂ ਚਲਦੀ ਆਉਂਦੀ ਹੈ ਨਾ। ਭਗਤੀ ਅਥਾਹ ਹੈ ਨਾ। ਗਿਆਨ ਹੈ ਇੱਕ। ਮਨੁੱਖ ਸਮਝਦੇ ਹਨ ਭਗਤੀ ਤੋਂ ਭਗਵਾਨ ਮਿਲੇਗਾ। ਪਰੰਤੂ ਕਿਵੇਂ, ਕਦੋਂ ? ਇਹ ਨਹੀਂ ਜਾਣਦੇ। ਭਗਤੀ ਕਦੋਂ ਸ਼ੁਰੂ ਹੁੰਦੀ ਹੈ, ਕੌਣ ਜ਼ਿਆਦਾ ਭਗਤੀ ਕਰਦੇ ਹਨ - ਇਹ ਕੋਈ ਨਹੀਂ ਜਾਣਦੇ। ਕੀ ਇਤਨਾ 40 ਹਜ਼ਾਰ ਸਾਲ ਹੋਰ ਭਗਤੀ ਕਰਦੇ ਰਹਾਂਗੇ? ਇੱਕ ਪਾਸੇ ਮਨੁੱਖ ਭਗਤੀ ਕਰ ਰਹੇ ਹਨ ਦੂਜੀ ਤਰਫ ਤੁਸੀਂ ਗਿਆਨ ਪਾ ਰਹੇ ਹੋ। ਮਨੁੱਖਾਂ ਨਾਲ ਕਿੰਨਾ ਮੱਥਾ ਮਾਰਨਾ ਪੈਂਦਾ ਹੈ। ਇੰਨੀ ਪ੍ਰਦਰਸ਼ਨੀ ਕਰਦੇ ਹੋ ਫਿਰ ਵੀ ਨਿਕਲਦੇ ਕੋਟਾਂ ਵਿੱਚ ਕੋਈ ਹਨ। ਕਿੰਨਿਆਂ ਨੂੰ ਆਪ ਸਮਾਨ ਬਣਾ ਕਰ ਲੈ ਆਉਂਦੇ ਹਨ। ਸੱਚੇ - ਸੱਚੇ ਬ੍ਰਾਹਮਣ ਕਿੰਨੇ ਹਨ - ਇਹ ਹਿਸਾਬ ਹੁਣ ਕੱਢ ਨਹੀਂ ਸਕਦੇ। ਬਹੁਤ ਝੂਠੇ ਬੱਚੇ ਵੀ ਹਨ। ਬ੍ਰਾਹਮਣ ਲੋਕ ਕਥਾ ਸੁਣਾਉਂਦੇ ਹਨ। ਬਾਬਾ ਗੀਤਾ ਦੀ ਕਥਾ ਸੁਣਾਉਂਦੇ ਹਨ। ਤੁਸੀਂ ਵੀ ਸੁਣਾਉਂਦੇ ਹੋ ਜਿਵੇ ਬਾਬਾ ਉਵੇਂ ਬੱਚੇ। ਬੱਚਿਆਂ ਦਾ ਵੀ ਕੰਮ ਹੈ ਸੱਚੀ - ਸੱਚੀ ਗੀਤਾ ਸੁਣਾਉਣਾ। ਸ਼ਾਸਤਰ ਤਾਂ ਸਭ ਦੇ ਹਨ। ਬਾਕੀ ਜੋ ਵੀ ਸ਼ਾਸਤਰ ਹਨ ਭਗਤੀ ਮਾਰਗ ਦੇ ਹਨ। ਗਿਆਨ ਦੀ ਕਿਤਾਬ ਸਿਰਫ ਇੱਕ ਹੀ ਗੀਤਾ ਹੈ। ਗੀਤਾ ਹੈ ਮਾਈ - ਬਾਪ। ਬਾਪ ਹੀ ਆਕੇ ਸਭ ਦੀ ਸਦਗਤੀ ਕਰਦੇ ਹਨ। ਮਨੁੱਖ ਫਿਰ ਵੀ ਇਸ ਤਰ੍ਹਾਂ ਦੇ ਬਾਪ ਦੀ ਗਲਾਨੀ ਕਰਦੇ ਹਨ। ਸ਼ਿਵਬਾਬਾ ਦੀ ਜਯੰਤੀ ਹੈ ਹੀਰੇ ਸਮਾਨ। ਉਂਚ ਤੇ ਉਂਚ ਭਗਵਾਨ ਹੀ ਸਦਗਤੀ ਦਾਤਾ ਹੈ। ਬਾਕੀ ਹੋਰ ਕਿਸੇ ਦੀ ਇੰਨੀ ਮਹਿਮਾ ਹੋ ਨਹੀਂ ਸਕਦੀ। ਦੇਵਤਾਵਾਂ ਦੀ ਮਹਿਮਾ ਕਰਦੇ ਹਨ, ਪਰੰਤੂ ਦੇਵਤਾ ਬਣਾਉਣ ਵਾਲਾ ਇੱਕ ਬਾਪ ਹੀ ਹੈ। ਸਾਡਾ ਕੰਸਟ੍ਰਕਸ਼ਨ ਵੀ ਹੁੰਦਾ ਹੈ ਤੇ ਡਿਸਟ੍ਰਕਸ਼ਨ ਵੀ ਹੁੰਦਾ ਹੈ। ਬਹੁਤ ਹਨ ਜੋ ਕੁਝ ਸਮਝਾ ਨਹੀਂ ਸਕਦੇ ਹਨ ਤਾਂ ਸਥੂਲ ਕੰਮ ਕਰੋ। ਮਿਲਟਰੀ ਵਿੱਚ ਸਭ ਕੰਮ ਕਰਨ ਵਾਲੇ ਹੁੰਦੇ ਹਨ। ਕਿਹਾ ਵੀ ਜਾਂਦਾ ਹੈ ਪੜ੍ਹੇ ਲਿਖੇ ਦੇ ਅੱਗੇ ਅਨਪੜ ਭਾਰ ਢੋਣਗੇ। ਮੰਮਾ ਬਾਬਾ ਜੋ ਕਰਦੇ ਹਨ ਉਨ੍ਹਾਂ ਤੋਂ ਸਿੱਖੋ। ਤੁਸੀਂ ਵੀ ਸਮਝ ਸਕਦੇ ਹੋ, ਅੰਨਨਿਆ ਬੱਚੇ ਕੌਣ ਹਨ? ਬਾਬਾ ਤੋਂ ਪੁੱਛੋਗੇ ਤਾਂ ਬਾਬਾ ਵੀ ਨਾਮ ਦੱਸਣਗੇ ਕੀ ਫਲਾਨੇ ਨੂੰ ਫਾਲੋ ਕਰੋ। ਜੋ ਖੁਦ ਹੀ ਸਰਵਿਸ ਨਹੀਂ ਕਰਦੇ ਉਹ ਹੋਰਾਂ ਨੂੰ ਕੀ ਸਿਖਾਉਣਗੇ। ਉਹ ਤਾਂ ਹੋਰ ਹੀ ਟਾਈਮ ਵੇਸਟ ਕਰ ਦੇਣਗੇ। ਬਾਬਾ ਸਮਝਾਉਂਦੇ ਹਨ ਆਪਣੀ ਉੱਨਤੀ ਕਰਨਾ ਚਾਹੁੰਦੇ ਹੋ ਤਾਂ ਇੱਥੇ ਕਰ ਸਕਦੇ ਹੋ। ਚਿੱਤਰ ਰੱਖੇ ਹਨ, ਅਸੀਂ 84 ਜਨਮ ਕਿਵੇਂ ਲਏ, ਇਹ ਹੁਣ ਸਮਝਿਆ ਹੈ ਤਾਂ ਹੋਰਾਂ ਨੂੰ ਸਮਝਾਓ। ਕਿੰਨਾ ਸਹਿਜ ਹੈ - ਇਹ ਬਣਨਾ ਹੈ। ਕਲ ਇਨ੍ਹਾਂ ਦੀ ਭਗਤੀ ਕਰਦੇ ਸੀ, ਅੱਜ ਨਹੀਂ। ਨੋਲਜ ਮਿਲ ਗਈ। ਇਸ ਤਰ੍ਹਾਂ ਬਹੁਤ ਆਕੇ ਨੋਲਜ ਲੈਣਗੇ। ਜਿਨ੍ਹਾਂ ਤੁਸੀਂ ਸੈਂਟਰਾਂ ਦਾ ਵੱਧ ਘੇਰਾਵ ਪਾਓਗੇ ਤਾਂ ਬਹੁਤ ਆਕੇ ਸਮਝਣਗੇ। ਸੁਣਨ ਨਾਲ ਉਨ੍ਹਾਂ ਨੂੰ ਖੁਸ਼ੀ ਦਾ ਪਾਰਾ ਚੜ੍ਹ ਜਾਵੇਗਾ। ਨਰ ਤੋਂ ਨਰਾਇਣ ਬਣਨਾ ਹੈ। ਸੱਚੀ ਸੱਤ -ਨਰਾਇਣ ਦੀ ਕਥਾ ਵੀ ਹੈ, ਭਗਤੀ ਨਾਲ ਤਾਂ ਡਿੱਗਦੇ ਹੀ ਰਹਿੰਦੇ ਹਨ। ਉਨ੍ਹਾਂ ਨੂੰ ਪਤਾ ਨਹੀਂ ਲਗਦਾ

- ਗਿਆਨ ਕੀ ਚੀਜ਼ ਹੈ। ਤੁਹਾਨੂੰ ਬੇਹੱਦ ਦਾ ਬਾਪ ਚੰਗੀ ਰੀਤੀ ਸਮਝਾਉਂਦੇ ਹਨ। ਬਾਬਾ ਕਹਿੰਦੇ ਕਲ ਤੁਹਾਨੂੰ ਰਾਜਾਈ ਦਿੱਤੀ ਸੀ, ਫਿਰ ਤੁਹਾਡੀ ਰਾਜਾਈ ਕਿੱਥੇ ਗਈ? ਇਹ ਤਾਂ ਖੁਦ ਜਾਣਦੇ ਹਨ। ਇਹ ਤਾਂ ਖੇਲ ਹੈ। ਇੱਕ ਹੀ ਬਾਪ ਹੈ ਜੋ ਸਾਰੇ ਖੇਲ ਦਾ ਰਾਜ਼ ਦਸਦੇ ਹਨ। ਅਸੀਂ ਕਹਿੰਦੇ ਹਾਂ ਬਾਬਾ ਤੁਸੀਂ ਬੰਧੇਲੇ ਹੋ ਡਰਾਮਾ ਵਿੱਚ, ਤੁਹਾਨੂੰ ਆਉਣਾ ਹੀ ਪੈਂਦਾ ਹੈ ਪਤਿੱਤ ਦੁਨੀਆਂ ਅਤੇ ਪਤਿੱਤ ਸ਼ਰੀਰ ਵਿੱਚ। ਈਸ਼ਵਰ ਦੀ ਬੜੀ ਮਹਿਮਾ ਕਰਦੇ ਹਨ। ਬੱਚੇ ਕਹਿਣਗੇ ਬਾਬਾ ਅਸੀਂ ਤੁਹਾਨੂੰ ਬੁਲਾਇਆ ਤਾਂ ਤੁਹਾਨੂੰ ਆਉਣਾ ਹੀ ਪਿਆ - ਸਾਡੀ ਸਰਵਿਸ ਕਰਨ ਅਤੇ ਸਾਨੂੰ ਪਤਿਤ ਤੋਂ ਪਾਵਨ ਬਣਾਉਣ ਦੇ ਲਈ। ਕਲਪ - ਕਲਪ ਸਾਨੂੰ ਦੇਵਤਾ ਬਣਾ ਕੇ ਖੁਦ ਚਲੇ ਜਾਂਦੇ ਹੋ। ਇਹ ਜਿਵੇਂ ਇੱਕ ਕਹਾਣੀ ਹੈ, ਜੋ ਹੁਸ਼ਿਆਰ ਹਨ ਉਨ੍ਹਾਂ ਲਈ ਤਾਂ ਇੱਕ ਕਹਾਣੀ ਹੈ। ਤੁਹਾਨੂੰ ਬੱਚਿਆਂ ਨੂੰ ਖੁਸ਼ਮਿਜਾਜ਼ ਹੋਣਾ ਚਾਹੀਦਾ ਹੈ। ਬਾਬਾ ਵੀ ਡਰਾਮਾ ਅਨੁਸਾਰ ਸਰਵੈਂਟ ਬਣਿਆ ਹੈ। ਬਾਬਾ ਕਹਿੰਦੇ ਮੇਰੀ ਮੱਤ ਤੇ ਚੱਲੋ। ਆਪਣੇ ਨੂੰ ਆਤਮਾ ਸਮਝੋ। ਦੇਹ ਅਭਿਮਾਨ ਛੱਡੋ। ਨਵੀ ਦੁਨੀਆਂ ਵਿੱਚ ਤੁਹਾਨੂੰ ਨਵਾਂ ਸ਼ਰੀਰ ਮਿਲੇਗਾ। ਬਾਪ ਜੋ ਸਮਝਾਉਂਦੇ ਹਨ ਉਸਨੂੰ ਚੰਗੀ ਤਰ੍ਹਾਂ ਮੰਥਨ ਕਰੋ। ਬੁੱਧੀ ਨਾਲ ਸਮਝਦੇ ਹੋ ਅਸੀਂ ਆਏ ਹਾਂ - ਇਹ ਬਣਨ ਦੇ ਲਈ। ਏਮ ਆਬਜੈਕਟ ਸਾਮਣੇ ਖੜੀ ਹੈ। ਭਗਵਾਨੁਵਾਚ, ਉਹ ਲੋਕ ਭਗਵਾਨ ਨੂੰ ਮਨੁੱਖ ਸਮਝ ਲੈਂਦੇ ਜਾਂ ਨਿਰਾਕਾਰ ਕਹਿੰਦੇ ਹਨ। ਤੁਸੀਂ ਆਤਮਾਵਾਂ ਸਭ ਨਿਰਾਕਰੀ ਹੋ। ਸ਼ਰੀਰ ਲੈ ਕੇ ਪਾਰਟ ਵਜਾਉਂਦੀਆਂ ਹੋ, ਬਾਬਾ ਵੀ ਪਾਰਟ ਵਜਾਉਂਦੇ ਹਨ। ਜੋ ਚੰਗੀ ਸਰਵਿਸ ਕਰਦੇ ਹਨ ਉਨ੍ਹਾਂ ਨੂੰ ਨਿਸ਼ਚੇ ਹੋਵੇਗਾ ਕਿ ਅਸੀਂ ਮਾਲਾ ਦਾ ਦਾਨਾ ਜਰੂਰ ਬਣਾਂਗੇ। ਨਰ ਤੋਂ ਨਰਾਇਣ ਬਣਨਾ ਹੈ। ਭਗਵਾਨ ਪੜ੍ਹਾਉਂਦੇ ਹਨ ਤਾਂ ਚੰਗੀ ਤਰ੍ਹਾਂ ਪੜ੍ਹਨਾ ਚਾਹੀਦਾ ਹੈ। ਪਰੰਤੂ ਮਾਇਆ ਦਾ ਆਪੋਜੀਸ਼ਨ ਬੜਾ ਹੈ। ਮਾਇਆ ਤੂਫ਼ਾਨ ਵਿੱਚ ਲੈ ਆਉਂਦੀ ਹੈ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਵਿਚਾਰ ਸਾਗਰ ਮੰਥਨ ਕਰ ਆਪਾਰ ਖੁਸ਼ੀ ਦਾ ਅਨੁਭਵ ਕਰਨਾ ਹੈ। ਹੋਰਾਂ ਨੂੰ ਵੀ ਰਸਤਾ ਦੱਸਣ ਦੀ ਕ੍ਰਿਪਾ ਕਰਨੀ ਹੈ। ਸੰਗ ਦੇ ਰੰਗ ਵਿੱਚ ਆਕੇ ਕੋਈ ਪਾਪ ਕਰਮ ਨਹੀਂ ਕਰਨਾ ਹੈ।

**2.** ਮਾਇਆ ਦੇ ਦੁੱਖਾਂ ਦਾ ਛੱਪੜ ਚੁੱਕਣ ਲਈ ਮਿਲ ਕੇ ਮੋਢਾ (ਕੰਧਾਂ) ਦੇਣਾ ਹੈ। ਸੈਂਟਰ ਖੋਲ੍ਹ ਅਨੇਕਾਂ ਦੇ ਕਲਿਆਣ ਦੇ ਨਿਮਿਤ ਬਣਨਾ ਹੈ।

ਵਰਦਾਨ:- ਆਪਣੇ ਬੋਲ ਦੀ ਵੈਲਿਊ ਨੂੰ ਸਮਝ ਉਸ ਦੀ ਏਕਾਨਾਮੀ ਕਰਨ ਵਾਲੇ ਮਹਾਨ ਆਤਮਾ ਭਵ।

ਜਿਵੇਂ ਮਹਾਨ ਆਤਮਾਵਾਂ ਨੂੰ ਕਹਿੰਦੇ ਹਨ - ਸਤ ਬਚਨ ਮਹਾਰਾਜ। ਤਾਂ ਤੁਹਾਡੇ ਬੋਲ ਸਦਾ ਸਤ ਬਚਨ ਮਤਲਬ ਕੋਈ ਨੇ ਕੋਈ ਪ੍ਰਾਪਤੀ ਕਰਾਉਣ ਵਾਲੇ ਵਚਨ ਹੋਣ। ਬ੍ਰਾਹਮਣਾਂ ਦੇ ਮੁੱਖ ਤੋਂ ਕਦੇ ਕਿਸੇ ਨੂੰ ਸ਼ਰਾਪਿਤ ਕਰਨ ਵਾਲੇ ਬੋਲ ਨਹੀਂ ਨਿਕਲਣੇ ਚਾਹੀਦੇ। ਇਸਲਈ ਯੁਕਤੀਯੁਕਤ ਬੋਲੋ ਅਤੇ ਕੰਮ ਦਾ ਬੋਲੋ। ਬੋਲ ਦੀ ਵੈਲਿਊ ਨੂੰ ਸਮਝੋ। ਸ਼ੁਭ ਸ਼ਬਦ ਸੁਖ ਦੇਣ ਵਾਲੇ ਸ਼ਬਦ ਬੋਲੋ, ਹੱਸੀਮਜਾਕ ਦੇ ਸ਼ਬਦ ਨਹੀਂ ਬੋਲੋ, ਬੋਲ ਦੀ ਇੱਕਾਨਾਮੀ ਕਰੋ ਤਾਂ ਮਹਾਨ ਆਤਮਾ ਬਣ ਜਾਵੋਗੇ।

ਸਲੋਗਨ:- ਜੇਕਰ ਸ੍ਰੀਮਤ ਦਾ ਹੱਥ ਸਦਾ ਨਾਲ ਹੈ ਤਾਂ ਸਾਰਾ ਹੀ ਯੁੱਗ ਹੱਥ ਵਿਚ ਹੱਥ ਦੇਕੇ ਚਲਦੇ ਰਹੋਗੇ।

******

ਅਵਿਅਕਤ ਸਾਇਲੇਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ

ਜਿਵੇਂ ਲਾਈਟ ਦੇ ਕੁਨੈਕਸ਼ਨ ਨਾਲ ਵੱਡੀ - ਵੱਡੀ ਮਸ਼ੀਨਰੀ ਚਲਦੀ ਹੈ। ਤੁਸੀਂ ਸਭ ਹਰ ਕਰਮ ਕਰਦੇ ਕੁਨੈਕਸ਼ਨ ਦੇ ਆਧਾਰ ਨਾਲ ਖੁਦ ਵੀ ਡਬਲ ਲਾਈਟ ਬਣ ਚਲਦੇ ਰਹੋ। ਜਿੱਥੇ ਡਬਲ ਲਾਈਟ ਦੀ ਸਥਿਤੀ ਹੈ, ਉੱਥੇ ਮਿਹਨਤ ਅਤੇ ਮੁਸ਼ਕਿਲ ਸ਼ਬਦ ਖਤਮ ਹੋ ਜਾਂਦਾ ਹੈ। ਆਪਣੇਪਣ ਨੂੰ ਖਤਮ ਕਰ ਟਰੱਸਟੀਪਣ ਦਾ ਭਾਵ ਅਤੇ ਈਸ਼ਵਰੀ ਸੇਵਾ ਦੀ ਭਾਵਨਾ ਹੋਵੇ ਤਾਂ ਡਬਲ ਲਾਈਟ ਬਣ ਜਾਵੋਗੇ।